# ਪਰਵਾਸੀ ਪੰਜਾਬੀ ਕਵਿਤਾ ਵਿਚ ਔਰਤ ਦਾ ਪਛਾਣ ਸੰਕਟ:- 'ਵਕਤ, ਮੌਸਮ ਅਤੇ ਨਜ਼ਮ' ਕਾਵਿ ਪੁਸਤਕ ਦੇ ਹਵਾਲੇ ਨਾਲ

ਪਰਵਾਸ ਇੱਕ ਅਜਿਹਾ ਵਰਤਾਰਾ ਹੈ ਜਿਹੜਾ ਇੱਕ ਲੰਮੇ ਇਤਿਹਾਸਕ ਕਾਲ ਵਿਚ ਫੈਲਿਆ ਹੋਇਆ ਹੈ। ਵਿਸ਼ਵੀਕਰਨ ਦੇ ਦੌਰ ਵਿਚ ਪਰਵਾਸ ਦੇ ਅਰਥ ਹੋਰ ਵੀ ਗੁੰਝਲਦਾਰ ਹੋ ਜਾਂਦੇ ਹਨ ਕਿਉਂਕਿ ਪਰਵਾਸ ਸਿਰਫ ਥਾਂ ਬਦਲੀ ਨਹੀਂ ਰਿਹਾ ਸਗੋਂ ਅੱਜ ਪਰਵਾਸ ਮਨਾਂ ਤੋਂ ਮਨਾਂ ਤੱਕ ਵੀ ਹੋ ਰਿਹਾ ਹੈ। ਇਸ ਪਿੱਛੇ ਕੀ ਕਾਰਨ ਕਾਰਜਸ਼ੀਲ ਹਨ। ਇਸ ਸੰਬੰਧੀ ਸਮਾਜਿਕ ਵਿਗਿਆਨੀਆਂ ਨੇ Push-Pull ਸਿਧਾਂਤ ਰਾਹੀਂ ਪਰਵਾਸ ਨੂੰ ਦੋ ਸ਼ਕਤੀਆਂ ਅਨੁਸਾਰ ਸਮਝਣ ਦਾ ਯਤਨ ਕੀਤਾ ਹੈ। ਪਹਿਲੀ ਸ਼ਕਤੀ ਨੂੰ ਉਨ੍ਹਾਂ ਤਾਕਤਾਂ ਦਾ ਸਮੂਹ ਮੰਨਿਆ ਹੈ ਜਿਹੜੀਆਂ ਆਦਮੀ ਨੂੰ ਇੱਕ ਜਗ੍ਹਾ ਤੋਂ ਧੱਕਦੀਆਂ ਹਨ ਜਿਵੇਂ ਬੇਰੁਜ਼ਗਾਰੀ, ਗ਼ਰੀਬੀ, ਸਮੁਦਾਇ ਤੋਂ ਉਦਾਸੀਨਤਾ, ਯੁੱਧ, ਸਰਕਾਰੀ ਨੀਤੀ ਅਤੇ ਦੇਸ ਵੰਡ ਆਦਿ। ਦੂਜੀ ਸ਼ਕਤੀ ਅਨੁਸਾਰ ਪਰਵਾਸ ਲਈ ਚੁਣੀ ਜਗ੍ਹਾ ਵਿਚ ਕੋਈ ਖਿੱਚ ਦਾ ਹੋਣਾ ਜੋ ਇਨਸਾਨ ਨੂੰ ਆਪਣੇ ਪ੍ਰਤਿ ਆਕਰਸ਼ਿਤ ਕਰਕੇ ਪਰਵਾਸ ਧਾਰਨ ਕਰਨ ਲਈ ਰੁਚਿਤ ਕਰਦੀ ਹੈ ਜਿਵੇਂ ਰੁਜ਼ਗਾਰ ਮਿਲਣ 'ਤੇ ਛੇਤੀ ਅਮੀਰ ਹੋਣ ਦੀ ਸੰਭਾਵਨਾ, ਵਧੀਆ ਲੋਕ, ਉਚੇਰੀਆਂ ਸੁਖ-ਸੁਵਿਧਾਵਾਂ ਵਾਲੇ ਸਮਾਜ ਅਤੇ ਜੀਵਨ ਦੀ ਇੱਛਾ ਆਦਿ।"[1] ਇਸ ਸੰਦਰਭ ਵਿਚ ਪਰਵਾਸੀ ਪੰਜਾਬੀ ਮਨੁੱਖ ਨੇ ਦੋਵੇਂ ਤਰ੍ਹਾਂ ਨਾਲ ਹੀ ਪਰਵਾਸ ਧਾਰਨ ਕੀਤਾ ਹੈ। ਪਰਵਾਸ ਧਾਰਨ ਕਰਨ ਤੋਂ ਬਾਅਦ ਪਰਵਾਸੀ ਮਨੁੱਖ ਨੇ ਆਪਣੇ-ਆਪ ਨੂੰ ਆਰਥਿਕ ਤੌਰ 'ਤੇ ਮਜਬੂਤ ਕਰਨ ਲਈ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਿਹਨਤ ਕਰਨੀ ਸ਼ੁਰੂ ਕੀਤੀ। ਜਦ ਮੁੱਢਲੀਆਂ ਲੋੜਾਂ ਪੂਰੀਆਂ ਹੋਣ ਲੱਗੀਆਂ ਤਾਂ ਡਾਇਸਪੋਰਕ ਸਥਿਤੀਆਂ ਵਿਚ ਘਿਰੇ ਉਚਾਟ ਪਰਵਾਸੀ ਮਨ ਦੇ ਵਿਚੋਂ 'ਮੈਂ ਕੌਣ ਹਾਂ' ਦਾ ਸਵਾਲ ਪੈਦਾ ਹੋਇਆ। ਜਿਹੜਾ ਪਰਵਾਸੀ ਮਨੁੱਖ ਦੀ ਪਛਾਣ ਨੂੰ ਨਿਰਧਾਰਤ ਕਰਨ ਲੱਗਿਆ। ਜਲਦੀ ਹੀ ਇਹ ਸਵਾਲ ਇੱਕ ਸੰਕਲਪ ਦੇ ਰੂਪ ਵਿਚ ਬਦਲ ਗਿਆ। ਇਸ ਲਈ 'ਪਛਾਣ' ਅਜਿਹੀ ਪ੍ਰਕਿਰਿਆ ਹੈ ਜਿਹੜੀ ਵਿਅਕਤੀ ਨੂੰ ਗੁਣਾਂ ਜਾਂ ਲੱਛਣਾਂ ਰਾਹੀਂ ਦੂਸਰਿਆਂ ਤੋਂ ਭਿੰਨ ਕਰਦੀ ਹੈ। ਇਹ 'ਪਛਾਣ' ਵਿਅਕਤੀਗਤ ਵੀ ਹੋ ਸਕਦੀ ਹੈ ਅਤੇ ਸਮੂਹਿਕ ਵੀ। ਪਛਾਣ ਦਾ ਸੰਕਟ ਓਦੋਂ ਪੈਦਾ ਹੁੰਦਾ ਹੈ ਜਦ

'ਪਛਾਣ' ਨਾਲੋਂ 'ਪਛਾਣ ਨੂੰ ਰੂੜ੍ਹ' ਕਰਨ ਉੱਪਰ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ 'ਪਛਾਣ' ਦਾ ਸੰਕਲਪ ਬਹੁ-ਪਸਾਰੀ ਹੋਣ ਕਰਕੇ ਇਹ ਸਵੈ, ਸਭਿਆਚਾਰ, ਧਰਮ ਅਤੇ ਰਾਸ਼ਟਰ ਨਾਲ ਜਾ ਜੁੜਦਾ ਹੈ। ਪਰਵਾਸੀ ਪੰਜਾਬੀ ਕਵਿਤਾ ਵਿਚ ਔਰਤ ਪਛਾਣ ਦੇ ਸੰਕਟ ਦਾ ਸ਼ਿਕਾਰ ਕਿਵੇਂ ਹੁੰਦੀ ਹੈ। ਇਸਨੂੰ ਸਮਝਣ ਲਈ ਅਸੀਂ ਆਪਣੇ ਹੱਥਲੇ ਪਰਚੇ ਵਿਚ ਡਾ. ਅਮਰ ਜਿਉਤੀ ਦੀ ਕਾਵਿ ਪੁਸਤਕ 'ਵਕਤ, ਮੌਸਮ ਅਤੇ ਨਜ਼ਮ' ਨੂੰ ਪੰਜਾਬੀ ਔਰਤ ਦੇ ਡਾਇਸਪੋਰਕ ਪੱਖ ਤੋਂ ਵਾਚਣ ਦੀ ਕੋਸ਼ਿਸ਼ ਕਰਾਂਗੇ।

ਡਾ. ਅਮਰ ਜਿਉਤੀ ਇੰਗਲੈਂਡ ਦੀ ਪਰਵਾਸੀ ਕਵਿੱਤਰੀਆਂ ਵਿਚੋਂ ਇੱਕ ਪ੍ਰਬੁੱਧ ਕਵਿੱਤਰੀ ਹੈ। ਉਨ੍ਹਾਂ ਦੀ ਕਾਵਿ ਪੁਸਤਕ 'ਵਕਤ, ਮੌਸਮ ਅਤੇ ਨਜ਼ਮ' 2015 ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਵਿਚ ਨਜ਼ਮਾਂ ਨੂੰ 'ਨਜ਼ਮਾਂ ਸੰਗ ਤੁਰਦਿਆਂ' ਅਤੇ 'ਆਦਿ-ਕਥਾ' ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਨੂੰ ਵੈਸ਼ਵਿਕ ਕਵਿਤਾਵਾਂ ਦਾ ਨਾਂ ਦਿੱਤਾ ਗਿਆ ਹੈ। ਇਸ ਪੁਸਤਕ ਨੂੰ ਅਧਿਐਨ ਦਾ ਕੇਂਦਰ ਬਣਾਉਣ ਦਾ ਮੁੱਖ ਕਾਰਨ ਇਹੀ ਹੈ ਕਿ ਇਹ ਕਾਵਿ ਪੁਸਤਕ ਵਿਸ਼ਵੀਕਰਨ ਵਰਤਾਰੇ ਵਿਚ ਵਾਪਰੇ ਕ੍ਰਾਂਤੀਕਾਰੀ ਮਸਲਿਆਂ ਨਾਲ ਤੁਆਰਫ਼ ਕਰਵਾਉਂਦੀ ਹੈ ਜਿਹੜੇ ਮਨੁੱਖੀ ਹੋਂਦ, ਆਤੰਕਵਾਦ, ਕਾਮੁਕ ਪ੍ਰਵਿਰਤੀਆਂ ਅਤੇ ਔਰਤ-ਮਰਦ ਵਿਚ ਤਣਾਓਪੂਰਨ ਸਥਿਤੀ ਉੱਤੇ ਸਵਾਲੀਆ ਚਿੰਨ੍ਹ ਲਗਾਉਂਦੇ ਹਨ। ਇਸ ਪੁਸਤਕ ਵਿਚ ਔਰਤ ਕਾਵਿ ਪਾਤਰ ਜਿੱਥੇ ਪਰਵਾਸ ਦੀਆਂ ਭੂਗੋਲਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਨਾਲ ਟਕਰਾਉ ਦੀ ਸਥਿਤੀ ਵਿਚ ਰਹਿੰਦੀ ਹੈ, ਉੱਥੇ ਉਹ ਆਵਾਸ ਦੀਆਂ ਵਿਸੰਗਤੀਆਂ ਨਾਲ ਵੀ ਜੱਦੋ-ਜਹਿਦ ਕਰਦੀ ਹੈ। ਇਸ ਲਈ ਇਸ ਪੁਸਤਕ ਨੂੰ ਪਰਵਾਸ ਅਤੇ ਆਵਾਸ ਦੇ ਪ੍ਰਸੰਗਾਂ ਵਿਚ ਰੱਖਕੇ ਹੀ ਵਾਚਿਆ ਜਾਵੇਗਾ।

ਡਾ. ਅਮਰ ਜਿਉਤੀ 'ਹਿਟਲਰ ਦੀ ਮੁਸਕਾਨ' ਕਵਿਤਾ ਵਿਚ 'ਬੇਸਮਝ' ਅਤੇ 'ਮਾਸੂਮੀਅਤ' ਦੇ ਮੈਟਾਫਰ ਰਾਹੀਂ 'ਪਛਾਣ' ਨੂੰ ਇੱਕ ਅਸੀਮਿਤ ਦਾਇਰੇ ਵਿਚ ਰੱਖਕੇ ਨਵੇਂ ਨਜ਼ਰੀਏ ਤੋਂ ਚਿਤਰਦੀ ਹੈ। ਜਿਸ ਵਿਚ ਮਨੁੱਖ ਨੂੰ ਮਨੁੱਖ ਵਜੋਂ ਕਬੂਲ ਕੀਤਾ ਜਾਂਦਾ ਹੈ ਸਿਵਾਇ ਕਿਸੇ ਵਰਗਵੰਡ ਦੇ। ਜਿਸ ਵਿਚ

ਬਿਨ੍ਹਾਂ ਕਿਸੇ ਹਕੂਮਤ ਦੇ ਔਰਤ ਅਤੇ ਮਰਦ ਨੂੰ ਆਪਣੀ ਹਿੱਸੇ ਦੀ ਦੁਨੀਆਂ ਜੀਣ ਦਾ ਪੂਰਨ ਹੱਕ ਹੁੰਦਾ ਹੈ। ਕਵਿਤਾ ਦਾ ਇੱਕ ਨਮੂਨਾ ਪੇਸ਼ ਹੈ:-

ਕਿੰਨਾ ਚੰਗਾ ਹੈ

ਬੇਸਮਝ ਅਤੇ ਮਾਸੂਮ ਹੋਣਾ

ਬਿਨਾਂ ਕਿਸੇ ਪਛਾਣ ਦੇ

ਧਰਤੀ 'ਤੇ ਆਉਣਾ [2]

'ਪਛਾਣ' ਮਨੁੱਖੀ ਜੀਵਨ ਲਈ ਰੋਟੀ, ਕੱਪੜਾ ਅਤੇ ਮਕਾਨ ਵਾਂਗ ਮੁੱਢਲੀ ਲੋੜ ਹੈ। ਕਾਵਿ ਪਾਤਰ ਧਰਤੀ ਉੱਪਰ ਬਿਨ੍ਹਾਂ ਪਛਾਣ ਤੋਂ ਇਸ ਕਰਕੇ ਵਿਚਰਨ ਦੀ ਲਾਲਸਾ ਕਰਦੀ ਹੈ ਕਿਉਂਕਿ ਇਹ 'ਪਛਾਣ' ਪ੍ਰਸਥਿਤੀਆਂ ਦੇ ਰੰਗ-ਢੰਗ ਵਿਚ ਸੰਪ੍ਰਦਾਇਕ ਪ੍ਰਵਿਰਤੀਆਂ ਦੀ ਧਾਰਨਾ ਹੋ ਜਾਂਦੀ ਹੈ। ਜਿਸ ਵਿਚੋਂ ਧਾਰਮਿਕ ਪਛਾਣ ਆਪਣਾ ਰੂਪ ਅਖ਼ਤਿਆਰ ਕਰ ਲੈਂਦੀ ਹੈ ਜਿਹੜੀ ਮਨੁੱਖ ਦਾ ਮਨੁੱਖ ਪ੍ਰਤਿ ਨਫ਼ਰਤੀ ਵਤੀਰਾ ਵਧਾਉਣ ਵਿਚ ਕੋਈ ਕਸਰ ਨਹੀਂ ਛੱਡਦੀ। ਇਹ ਹਿਟਲਰੀ ਮੁਸਕਾਨ ਧਾਰਮਿਕ ਰੰਗਣ ਵਿਚ ਰੰਗਕੇ ਮਨੁੱਖੀ ਹੋਂਦ ਨੂੰ ਖੋਰਾ ਲਾਉਂਦੀ ਹੈ। ਅੱਜ ਮੀਡੀਏ ਦੇ ਦੌਰ ਵਿਚ ਔਰਤ ਦਾ ਜੋ ਬਿੰਬ ਉਘਾੜਿਆ ਜਾ ਰਿਹਾ ਹੈ, ਉਹ ਆਪਣੇ ਆਪ ਵਿਚ ਇੱਕ ਡੂੰਘੇ ਅਧਿਐਨ ਦੀ ਮੰਗ ਕਰਦਾ ਹੈ। ਪੂੰਜੀਵਾਦ ਦਾ ਗਲਪੀ ਸੰਸਾਰ ਔਰਤ ਦੀ ਸੁੰਦਰਤਾ ਦੀ ਨੁਮਾਇਸ਼ ਲਗਾਕੇ ਆਪਣੇ ਫੈਸ਼ਨਮਈ ਕਾਰੋਬਾਰ ਵਿਚ ਬਹੁਤ ਵਡੇਰਾ ਇਜ਼ਾਫ਼ਾ ਕਰ ਰਿਹਾ ਹੈ। ਜਿਸਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਪੂੰਜੀਵਾਦੀ ਲੋਕ ਔਰਤ ਨੂੰ ਟੀ.ਵੀ. ਚੈਨਲਾਂ ਰਾਹੀਂ ਇੱਕ ਵਸਤੂ ਦੇ ਤੌਰ 'ਤੇ ਪੇਸ਼ ਕਰਕੇ ਦੁਨੀਆਂ ਕੋਲੋਂ ਮੋਟੀਆਂ ਰਕਮਾਂ ਵਸੂਲ ਕਰਦੇ ਹਨ। ਸਵਾਲ ਇਹ ਵੀ ਉੱਭਰਦਾ ਹੈ ਕਿ ਕੀ ਔਰਤ ਇਸ ਤਰ੍ਹਾਂ ਹੀ ਆਪਣੇ ਆਪੇ ਦੀ ਨੁਮਾਇਸ਼ ਲਗਾਕੇ ਆਪਣੀ ਹੋਂਦ ਤੋਂ ਮੁਨਕਰ ਹੁੰਦੀ ਰਹੇਗੀ? ਜਾਂ ਕੀ ਔਰਤ ਇਸ ਤਰ੍ਹਾਂ ਨੁਮਾਇਸ਼ ਦਾ ਅੰਗ ਬਣਨ ਵਿਚ ਆਪਣੇ-ਆਪ ਨੂੰ ਵਡਭਾਗੀ ਸਮਝਦੀ ਹੈ? ਇਸ ਤਰ੍ਹਾਂ ਡਾ.

ਅਮਰ ਜਿਉਤੀ ਇਸ ਖਲਜਗਣ ਵਿਚ ਘਿਰੀ ਔਰਤ ਦੀ ਮਾਨਸਿਕਤਾ ਵੱਲ ਇਸ਼ਾਰਾ ਕਰਦੀ ਹੋਈ ਕਹਿੰਦੀ ਹੈ:-

ਆਜ਼ਾਦੀ ਜਿਉਂਦੀਆਂ

ਕਿੰਨੀਆਂ ਪਰੀਆਂ

ਧਰਤੀ ਉਤਰੀਆਂ

ਆਉ ਅਸੀਂ ਜਸ਼ਨ

ਮਨਾਈਏ

ਮਲਟੀਨੈਸ਼ਨਲ ਸੁੰਦਰੀ ਦੇ

ਵਾਰੇ ਵਾਰੇ ਜਾਈਏ।[3]

ਜਗੀਰੂ ਸਮਾਜ ਦਾ ਲਿੰਗ ਆਧਾਰਤ ਵਿਤਕਰਾ ਅਕਸਰ ਹੀ ਔਰਤ ਨੂੰ ਹਾਸ਼ੀਆ 'ਤੇ ਧੱਕਦਾ ਰਿਹਾ ਹੈ। ਇਸ ਰੂੜ੍ਹੀਵਾਦੀ ਢਾਂਚੇ ਵਿਚ ਮਰਦ ਵੱਲੋਂ ਕੀਤੀ ਗਈ ਗ਼ਲਤੀ ਨੂੰ ਗ਼ਲਤੀ ਨਹੀਂ ਜਦਕਿ ਔਰਤ ਵੱਲੋਂ ਕੀਤੀ ਗਈ ਛੋਟੀ ਜਿਹੀ ਗ਼ਲਤੀ ਨੂੰ 'ਇੱਜ਼ਤ' ਅਤੇ 'ਆਬਰੂ' ਨਾਲ ਜੋੜਕੇ ਜਿਸ ਤਰ੍ਹਾਂ ਸ਼ੋਸ਼ਣ ਕੀਤਾ ਜਾਂਦਾ ਹੈ, ਉਸਦਾ ਚਸ਼ਮਦੀਦ ਗਵਾਹ ਸਾਡਾ ਨਾਰੀਵਾਦੀ ਸਾਹਿਤ ਹੈ। ਜਿਸ ਵਿਚੋਂ 'ਇੱਜ਼ਤ ਤੇ ਆਣ ਜਿਹੇ/ਸ਼ਬਦ/ਕੇਵਲ ਔਰਤ ਨਾਲ/ਜੁੜਦੇ ਹਨ'[4] ਆਦਿ ਕਾਵਿ ਧੁਨਾਂ ਸੁਣਨ ਨੂੰ ਮਿਲਦੀਆਂ ਹਨ ਜਿਸਦਾ ਨਤੀਜਾ 'ਆਤੰਕਵਾਦ ਦੀ ਸੂਲੀ' ਦੇ ਰੂਪ ਵਿਚ ਨਿਕਲਦਾ ਹੈ, ਬੇਸ਼ੱਕ ਇਹ 'ਫਿਦਾਈਨ ਔਰਤਾਂ' ਹੀ ਕਿਉਂ ਨਾ ਹੋਣ? ਜੋ ਅੱਜ ਵੀ 'ਸੰਤਾਪ ਦੀ ਧੁੰਦ' ਵਿਚ ਨਰਕ ਭਰਿਆ ਜੀਵਨ ਜੀਅ ਰਹੀਆਂ ਹਨ। ਇਸ ਕਰਕੇ ਔਰਤ ਕਾਵਿ ਪਾਤਰ 'ਜਦ ਧੀਅ ਨਿੰਮੀ/ਜਨਮ ਤੋਂ ਪਹਿਲਾਂ/ਉਹਦੇ ਕਤਲ ਦੀ ਸਾਜ਼ਿਸ਼ ਜੰਮੀ'[5] ਕਾਵਿ ਟੁਕੜੀਆਂ ਲਿਖਕੇ ਰੂੜ੍ਹੀਵਾਦੀ ਸਮਾਜਿਕ ਢਾਂਚੇ ਦੀ ਨਿਘਰ ਚੁੱਕੀ ਸਥਿਤੀ ਦਾ ਬਿੰਬ ਪੇਸ਼ ਕਰਦੀ ਹੈ। ਜਿਸ ਦੇ ਅੰਤਰਗਤ ਔਰਤ ਦੀ ਮਾਨਸਿਕਤਾ ਵਿਚ ਡੂੰਘੇ ਰੂਪ ਵਿਚ ਖੁਣਿਆ

'ਡਰ' ਝਲਕਦਾ ਹੈ। ਉਸਨੂੰ ਇਹੀ ਡਰ 'ਨਜ਼ਮ ਲਿਖਣੀ ਭੁੱਲ ਗਈ' ਕਵਿਤਾ ਵਿਚ ਆਪਣੀਆਂ ਹੱਡੀਆਂ ਕਟਵਾਉਣ ਤੋਂ ਲੈ ਕੇ ਮਾਸ ਨੁਚਵਾਉਣ ਤੱਕ ਮਜਬੂਰ ਕਰਦਾ ਹੈ। ਜਿਸ ਪਿੱਛੇ ਸਾਡੀ ਵਿਆਹ ਸੰਸਥਾ ਕਾਰਜਸ਼ੀਲ ਹੈ ਜਿਹੜੀ ਔਰਤ/ਮਰਦ ਸੰਬੰਧਾਂ ਨੂੰ ਵਿਆਹ ਦੇ ਸਾਂਚੇ ਵਿਚ ਹੀ ਰੱਖਕੇ ਵੇਖਦੀ ਹੈ। ਇਸ ਸਾਂਚੇ ਵਿਚ ਦੋਵੇਂ ਫਿੱਟ ਬੈਠਣ ਜਾਂ ਨਾ ਬੈਠਣ, ਇਸ ਮਸਲੇ ਦਾ ਉਸ ਕੋਲ ਕੋਈ ਉੱਤਰ ਨਹੀਂ। ਜਿਸਦਾ ਨਤੀਜਾ ਖਾਸ ਕਰਕੇ ਔਰਤ ਸਾਰੀ ਉਮਰ ਦੁੱਖ-ਕਲੇਸ਼ਾਂ ਰਾਹੀਂ ਭੋਗਦੀ ਹੈ। ਰਿਸ਼ਤਿਆਂ ਦੇ ਟੁੱਟਣ ਦੇ ਦੋਸ਼ ਔਰਤ ਸਿਰ ਮੜ੍ਹ ਦਿੱਤੇ ਜਾਂਦੇ ਹਨ ਇੱਥੋਂ ਤੱਕ ਕਿ ਇਤਿਹਾਸ/ਮਿਥਿਹਾਸ ਦੀ ਹਰ ਮਾੜੀ ਘਟਨਾ ਔਰਤ ਨੂੰ ਕਟਹਿਰੇ ਵਿਚ ਖੜ੍ਹਾ ਕਰਦੀ ਹੈ। ਸਾਡਾ ਕਿੱਸਾ ਕਾਵਿ ਔਰਤ ਨੂੰ ਹੁਣ ਤੱਕ ਲਾਹਨਤਾਂ ਹੀ ਪਾਉਂਦਾ ਆ ਰਿਹਾ। ਜਿਸ ਕਰਕੇ ਉਹ ਆਪਣੇ-ਆਪ ਨੂੰ ਚੰਮ ਦੀ ਗੁੱਡੀ ਤੋਂ ਸਿਵਾਇ ਕੁੱਝ ਵੀ ਨਹੀਂ ਸਮਝਦੀ ਜਿਹੜੀ ਮਰਦ ਜਾਤੀ ਦੇ ਮਨ ਨੂੰ ਵਰਗਲਾਉਣ ਲਈ ਹੀ ਬਣੀ ਹੈ। ਇਸ ਤਰ੍ਹਾਂ ਦੀ ਬਣੀ ਮਾਨਸਿਕਤਾ ਔਰਤ ਨੂੰ ਅਨੇਕਾਂ ਸਵਾਲਾਂ ਨਾਲ ਘੇਰੀ ਰੱਖਦੀ ਹੈ ਜਿਵੇਂ:-

ਔਰਤ ਕੇਵਲ ਜਿਸਮ ਹੁੰਦੀ

ਰੂਹ ਸਮਾਜ ਕੋਲ

ਗਿਰਵੀ ਰੱਖਦੀ

ਜਦ ਧਰਤੀ 'ਤੇ ਆਉਂਦੀ

ਸਵਾਲਾਂ ਦੀ ਜੂਨ ਹੰਢਾਉਂਦੀ [6]

ਔਰਤ ਆਪਣੇ-ਆਪੇ ਦੀ ਪਛਾਣ ਓਦੋਂ ਤੱਕ ਨਹੀਂ ਕਰ ਸਕੇਗੀ ਜਦ ਤੱਕ ਆਰਥਿਕ ਤੌਰ 'ਤੇ ਮਜਬੂਤ ਨਹੀਂ ਹੋ ਜਾਂਦੀ। ਆਰਥਿਕਤਾ ਹੀ ਉਸਦੇ ਰਾਹ ਦਾ ਵੱਡਾ ਰੋੜਾ ਹੈ। ਇਸਨੂੰ ਹਟਾਉਣ ਨਾਲ ਹੀ ਔਰਤ ਸਵੈ ਪ੍ਰਸੰਨ ਅਤੇ ਆਪਣੀ ਗੱਲ ਨੂੰ ਵਾਜਿਬ ਠਹਿਰਾਉਣ ਦਾ ਮਾਦਾ ਰੱਖ ਸਕੇਗੀ। ਅੱਜ ਤੱਕ ਔਰਤ ਨਾਲ ਹੁੰਦੀਆਂ ਜ਼ਿਆਦਤੀਆਂ ਦਾ ਰਾਜ਼ ਇਹੀ ਹੈ। ਬੇਸ਼ੱਕ ਅੱਜ ਔਰਤ ਸਿੱਖਿਅਕ ਅਤੇ

ਆਰਥਿਕ ਪੱਧਰ ’ਤੇ ਬਰਾਬਰ ਦੀ ਹੋ ਗਈ ਹੈ ਪਰ ਸਾਰੀਆਂ ਔਰਤਾਂ ਨੂੰ ਇਸ ਸ਼੍ਰੇਣੀ ਵਿਚ ਰੱਖਕੇ ਨਹੀਂ ਦੇਖਿਆ ਜਾ ਸਕਦਾ। ਜਿਹੜੀਆਂ ਔਰਤਾਂ ਹਾਸ਼ੀਏ ’ਤੇ ਧੱਕ ਦਿੱਤੀਆਂ ਜਾਂਦਾ ਹਨ ਉਨ੍ਹਾਂ ਨੂੰ ਮਾਨਸਿਕ ਅਲਾਮਤਾਂ ਦਾ ਖ਼ਮਿਆਜਾ ਜ਼ਰੂਰ ਭੁਗਤਣਾ ਪੈਂਦਾ ਹੈ। ਦੂਜੇ ਪਾਸੇ ਕਵਿੱਤਰੀ ਅਜੰਤਾ, ਅਲੋਰਾ, ਖਜੁਰਾਹੋ ਦੇ ਬੁੱਤਾਂ ਅਤੇ ਵਾਤਸਾਇਨ ਦੇ ਕਾਮ-ਸੂਤਰ ਬਿੰਬਾਂ ਰਾਹੀਂ ਇਸ ਪਰਤ ਨੂੰ ਵੀ ਉਜਾਗਰ ਕਰਦੀ ਹੈ ਕਿ ਮਰਦ ਮਨ ਔਰਤ ਨੂੰ ਕੇਵਲ ‘ਯੋਨੀ’ ਤੱਕ ਮਹਿਦੂਦ ਕਰਕੇ ਉਸਦੇ ਜਿਸਮ ਨੂੰ ਨੋਚਣ ਦੀ ਲਾਲਸਾ ਡੂੰਘੇ ਰੂਪ ਵਿਚ ਖੁਣੀ ਹੁੰਦੀ ਹੈ। ਉਹ ਇਸ ਤਰ੍ਹਾਂ ਦੀ ਮਰਦ ਮਾਨਸਿਕਤਾ ਨੂੰ ਮੁੱਢੋਂ ਨਿਕਾਰਦੀ ਹੋਈ ਨੈਤਿਕ ਨਜ਼ਰੀਏ ਤੋਂ ਮਰਦ ਸੋਚ ਦੇ ਸਾਹਵੇਂ ਆਪਣਾ ਪੱਖ ਪੇਸ਼ ਕਰਦੀ ਹੈ ਜਿਸਦਾ ਰੂੜ੍ਹੀਵਾਦੀ ਸਮਾਜ ਨੂੰ ਜਵਾਬ ਦੇਣਾ ਮੁਸ਼ਕਲ ਹੀ ਨਹੀਂ ਸਗੋਂ ਸ਼ਰਮਸਾਰ ਵੀ ਲੱਗਦਾ ਹੈ ਜਿਵੇਂ:-

ਔਰਤ ਨੂੰ ਕੇਵਲ

ਯੋਨੀ ਨਾ ਸਮਝੀਏ

ਅਸਤਿਤਵ ਉਸਦਾ

ਸਵੀਕਾਰ ਕਰੀਏ

ਲਿੰਗ ਦੀ ਦੁਰਵਰਤੋਂ ਕਰਕੇ

ਸ਼ਿਵ ਨੂੰ

ਕਿਉਂ ਸ਼ਰਮਸਾਰ ਕਰੀਏ [7]

‘ਵਕਤ, ਮੌਸਮ ਅਤੇ ਨਜ਼ਮ’ ਕਾਵਿ ਪੁਸਤਕ ਵਿਚ ਕਵਿੱਤਰੀ ਔਰਤ ਨੂੰ ‘ਸੱਸੀ’ ਪਾਤਰ ਨਾਲ ਤੁਲਨਾਉਂਦੀ ਹੈ। ਜਿਹੜੀ ਆਪਣੇ ਪਿਆਰ ਖਾਤਰ ਰੇਗਿਸਤਾਨ ਦੀ ਖਾਕ ਛਾਣਦੀ ਹੋਈ ‘ਪੰਨੂ’ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੰਦੀ ਹੈ। ਔਰਤ ਦੀ ਹੋਣੀ ਦਾ ਰਾਜ਼ ਇਹ ਵੀ ਹੈ ਕਿ ਉਸਦਾ ਕੋਈ ਦੇਸ ਨਾ ਹੋਣ ਕਰਕੇ ਉਸਨੂੰ ਮਰਦ ਨਾਲੋਂ ਪਰਵਾਸੀ ਉਦਰੇਵਾਂ ਕੋਈ ਜ਼ਿਆਦਾ ਤੰਗ ਨਹੀਂ ਕਰਦਾ ਹੈ।

ਬੇਸ਼ੱਕ ਉਹ ਖਾਨਾਬਦੋਸ਼ ਦੀ ਤਰ੍ਹਾਂ ਥਾਂ-ਥਾਂ ਭਟਕਦੀ ਹੋਈ ਆਪਣੀ ਜ਼ਿੰਦਗੀ ਬਸਰ ਕਰਦੀ ਹੈ ਪਰ ਇਹੀ ਖਾਨਾਬਦੋਸ਼ੀ ਚੱਕਰ ਉਸਨੂੰ 'ਪਛਾਣ' ਦੇ ਰੂ-ਬ-ਰੂ ਕਰਦਾ ਹੈ। ਨਮੂਨਾ ਪੇਸ਼ ਹੈ:-

ਮੈਂ ਹਾਂ ਸੱਸੀ

ਜਾਂ ਜੰਗਲ ਵਿਚ

ਉੱਡਦਾ ਪੰਛੀ

ਨਗਰ ਨਗਰ ਡਗਰ ਡਗਰ

ਖਾਨਾਬਦੋਸ਼ ਕੋਈ

ਭੌਂਦੀ ਰੂਹ

ਕੌਣ ਹਾਂ ਮੈਂ? [8]

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਪਰੰਪਰਾ ਦੀਆਂ ਬੰਦਸ਼ਾਂ ਵਿਚ ਜਿਉਂਦੀ ਔਰਤ ਪਿਆਰ ਮਾਨਣ ਤੋਂ ਹਮੇਸ਼ਾਂ ਹੀ ਵਿਰਵੀ ਰਹੀ ਹੈ। 'ਵਰਜਣਾ ਦੀ ਤਪਦੀ ਰੇਤ' ਉਹਦੇ ਪੈਰਾਂ ਦੀ ਇੰਤਹਾ ਲੈਂਦੀ ਰਹੀ ਹੈ। ਜਿਸ ਕਰਕੇ 'ਪਾਬੰਦੀਆਂ ਦੇ ਝਨਾਂ' ਵਿਚ ਉਸਦੀ ਰੂਹ ਡੁੱਬਦੀ-ਡੁੱਬਦੀ ਅਖੀਰ ਡੁੱਬ ਜਾਂਦੀ ਹੈ। ਜਿਸਦਾ ਨਤੀਜਾ ਪਿਆਰ ਦੀ ਅਸਫ਼ਲ ਕਹਾਣੀ ਕਿੱਸਿਆਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਕਾਵਿ ਪਾਤਰ ਵੀ 'ਬੇਪਹਿਚਾਣ ਜ਼ਿੰਦਗੀ' ਨਾਲ ਜਿਉਣ-ਮਰਨ ਵਰਗਾ ਸੰਵਾਦ ਰਚਾਉਂਦੀ ਹੈ। ਕਵਿੱਤਰੀ 'ਬੇਪਛਾਣ ਜ਼ਿੰਦਗੀ' ਨਾਲ ਇਸ ਕਰਕੇ ਸੰਵਾਦ ਰਚਾ ਰਹੀ ਹੈ ਕਿਉਂਕਿ ਉਸਨੂੰ ਆਪਣੀ ਔਰਤ ਪੀੜ੍ਹੀ ਦੀਆਂ ਕਮਜ਼ੋਰੀਆਂ ਦਾ ਬਾਖ਼ੂਬੀ ਪਤਾ ਹੈ। ਉਸਦੀ 'ਕਮੀਨੇ 1-2' ਕਵਿਤਾਵਾਂ ਡੂੰਘੇ ਅਧਿਐਨ ਦੀ ਮੰਗ ਕਰਦੀਆਂ ਹਨ। ਜਿਸ ਵਿਚ ਬੇਵਸੀ ਦੀ ਜ਼ਿੰਦਗੀ ਜੀਅ ਰਹੀ ਔਰਤ ਦਾ ਬਾਖ਼ੂਬੀ ਵਰਣਨ ਕੀਤਾ ਗਿਆ ਹੈ। ਕਾਵਿ ਪਾਤਰ 'ਕਬੂਲਨਾਮਾ' ਮੈਟਾਫਰ ਰਾਹੀਂ ਔਰਤ ਦੀ ਸੁਭਾਵਿਕ ਗੁਲਾਮੀ ਦਾ ਚਿੱਤਰ ਖਿੱਚਦੀ ਹੈ। ਜਿਸ ਤੋਂ ਤੰਗ ਆਈ ਔਰਤ ਨੂੰ ਕਈ ਵਾਰ 'ਖ਼ੁਸ਼ਹਾਲੀ

ਜੀਵਨ ਜਿਉਣ ਦਾ ਨਾਟਕ' ਕਰਨਾ ਵੀ ਪੈਂਦਾ ਹੈ। ਮਰਦ ਹਮੇਸ਼ਾਂ ਔਰਤ ਨਾਲ ਹਮਬਿਸਤਰ ਹੋ ਕੇ ਉਸਦੀ ਪੂਰਨ ਮਾਨਸਿਕਤਾ ਨੂੰ ਪਾਉਣ ਦਾ ਭਰਮ ਵੀ ਸਿਰਜਦਾ ਹੈ ਜਦਕਿ ਹਕੀਕਤ ਇਸ ਗੱਲ ਵਿਚ ਛੁਪੀ ਹੋਈ ਹੈ ਕਿ ਔਰਤ ਕਾਮੁਕ ਸੰਬੰਧਾਂ ਤੋਂ ਉੱਪਰ ਉੱਠਕੇ ਬਰਾਬਰ ਦਾ ਮੋਹ/ਸਤਿਕਾਰ ਅਤੇ ਵਫ਼ਾਦਾਰੀ ਜ਼ਿਆਦਾ ਚਾਹੁੰਦੀ ਹੈ। ਇਸ ਤਰ੍ਹਾਂ ਜਗੀਰੂ ਸੋਚ ਨਾਲ ਪ੍ਰਣਾਏ ਹੋਏ ਮਰਦ ਦੀ ਔਰਤ ਉੱਤੇ ਚੌਧਰਦਾਰੀ ਦੀ ਪ੍ਰਵਿਰਤੀ ਭਾਰੂ ਰਹੀ ਹੈ। ਚੌਧਰਦਾਰੀ ਇਹੀ ਪ੍ਰਵਿਰਤੀ ਪਛਾਣ ਨੂੰ ਪਛਾਣ ਦੇ ਸੰਕਟ ਵਿਚ ਰੂਪਾਂਤਰਿਤ ਕਰਦੀ ਹੈ। ਜਿਸ ਨਾਲ ਔਰਤ ਅਤੇ ਮਰਦ ਵਿਚਕਾਰ ਤਣਾਓਪੂਰਨ ਸੰਬੰਧ ਬਣੇ ਰਹਿੰਦੇ ਹਨ। ਇਸ ਤਣਾਓਪੂਰਨ ਪ੍ਰਸਥਿਤੀਆਂ ਵਿਚ ਘਿਰੀ ਕਾਵਿ ਪਾਤਰ ਮਿਥਿਹਾਸਕ ਪਾਤਰਾਂ ਰਾਹੀਂ ਔਰਤ ਦੀ ਹੋਣੀ ਦਾ ਜਵਾਬ ਮੰਗਦੀ ਹੈ:-

ਪਰਿਵਾਰ ਦੇ ਸਭ ਜੀਆਂ ਨੂੰ ਮਰਿਆ ਵੇਖ ਕੇ

ਹੰਝੂ ਪੂੰਝ ਕੇ ਸਰੂਪਨਖਾ ਪੁਛਦੀ

ਭਾਰਤ ਵਿਚ,

ਕਿਉਂ ਸੀਤਾ ਕੋਲ ਅਜੇ ਵੀ ਘਰ ਨਹੀਂ?

ਕਿਉਂ ਅਹਿੱਲਿਆ ਦਾ ਬਲਾਤਕਾਰ ਜਾਰੀ?

ਕਿਉਂ ਸਰੂਪਨਖਾ ਲਈ ਅਜੇ ਵੀ ਕਤਲ ਹੁੰਦੇ?

ਕਿਉਂ ਕਿਉਂ ਕਿਉਂ ਆਖ਼ਰ ਕਿਉਂ ??? [9]

ਡਾ. ਅਮਰ ਜਿਉਤੀ ਮਿੱਥਾਂ ਦਾ ਭੰਜਨ ਕਰਕੇ ਉਨ੍ਹਾਂ ਵਿਚ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਦਾ ਕਾਵਿਕ ਰੰਗ ਛਿੜਕਦੀ ਹੈ। ਜਿਸ ਨਾਲ ਕਾਵਿਕ ਧੁਨੀਆਂ ਲਾਊਡ ਹੋ ਜਾਂਦੀਆਂ ਹਨ। ਰੂੜ੍ਹੀਵਾਦੀ ਸਮਾਜ ਦੀ ਦਰਿੰਦਗੀ ਤੋਂ ਤੰਗ ਆਈ ਕਾਵਿ ਪਾਤਰ 'ਕਮੀਨੇ' ਕਵਿਤਾ ਨੂੰ ਬਿਲਕੁਲ ਉਲਟਾ ਕੇ 'ਇਕ ਸੀ ਦਰੋਪਦੀ' ਕਵਿਤਾ ਵਿਚ ਆਪਣੀ ਬਗ਼ਾਵਤ ਦਾ ਰੋਹ ਸਿਰਜ ਲੈਂਦੀ ਹੈ। ਜਿਹੜੀ ਅੰਦਰੂਨੀ ਅਤੇ

ਬਾਹਰੀ ਭੇਸ ਬਦਲਕੇ ਸਮਾਜ ਨੂੰ ਆਧੁਨਿਕ ਦਰੋਪਦੀ ਦੇ ਰੂਪ ਵਿਚ ਟੱਕਰਦੀ ਹੈ। ਕਾਵਿ ਪਾਤਰ ਔਰਤ ਨੂੰ 'ਲਹੂ ਵਿਚ ਲਰਜ਼ਦੀਆਂ ਸ਼ਖ਼ਸੀਅਤਾਂ' ਦੇ ਸਨਮੁੱਖ ਵੀ ਕਰਵਾਉਂਦੀ ਹੈ ਜਿਹੜੀਆਂ ਉਸਨੂੰ ਅਸਲ ਆਪੇ ਦੀ ਪਛਾਣ ਨਾਲ ਤੁਆਰਫ਼ ਕਰਵਾਉਂਦੀਆਂ ਹਨ। ਬੇਸ਼ੱਕ ਇਨ੍ਹਾਂ ਸ਼ਖ਼ਸੀਅਤਾਂ ਵਿਚ 'ਚੰਡੀ' ਅਤੇ 'ਮਾਈ ਭਾਗੋ' ਆਦਿ ਵਰਗੀਆਂ ਸ਼ਖ਼ਸੀਅਤਾਂ ਵੀ ਹੋ ਸਕਦੀਆਂ ਹਨ ਜਿਹੜੀ ਔਰਤ ਵਰਗ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਨਮੂਨਾ ਪੇਸ਼ ਹੈ:-

ਲਹੂ ਵਿਚ ਲਰਜ਼ਦੀਆਂ

ਸ਼ਖ਼ਸੀਅਤਾਂ ਨਾਲ

ਸਾਹਮਣੇ ਖਲੋ

ਮਨ ਦੇ ਚਿਹਰੇ ਵਿਚ

ਕਿੰਨੇ ਚਿਹਰੇ

ਆਪਣਾ ਚਿਹਰਾ ਪਛਾਣ [10]

ਉਪਰੋਕਤ ਚਰਚਾ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਡਾ. ਅਮਰ ਜਿਉਤੀ ਦੀ ਕਾਵਿ ਪੁਸਤਕ 'ਵਕਤ, ਮੌਸਮ ਅਤੇ ਨਜ਼ਮ' ਅਜਿਹਾ ਕਾਵਿਕ ਪੈਰਾਡਾਈਮ ਸਿਰਜਦੀ ਹੈ ਜਿਸ ਵਿਚ ਪਛਾਣ ਨੂੰ ਔਰਤ ਜਾਂ ਮਰਦ ਦੇ ਇਕਹਿਰੇ ਅਰਥਾਂ ਵਿਚ ਨਹੀਂ ਸਗੋਂ ਮਨੁੱਖੀ ਪਛਾਣ ਦੇ ਮਸਲੇ ਵਜੋਂ ਉਭਾਰਿਆ ਗਿਆ ਹੈ। ਕਾਵਿ ਪਾਤਰ ਦਾ ਵਿਚਾਰਧਾਰਕ ਦ੍ਰਿਸ਼ਟੀਕੋਣ ਔਰਤ ਨੂੰ ਅਨੇਕਾਂ ਸਵਾਲਾਂ ਦੇ ਸਨਮੁੱਖ ਕਰਦਾ ਹੈ ਜਿਹੜੇ ਉਸਦੀ ਅਸਲੀ ਪਛਾਣ ਦੀ ਨਿਸ਼ਾਨਦੇਹੀ ਕਰਦੇ ਹਨ। ਸਮੁੱਚੀ ਕਾਵਿ ਕਿਰਤ ਵਿਚ ਕਵਿੱਤਰੀ ਬਰਤਾਨੀਆ ਦੀ ਧਰਤੀ 'ਤੇ ਰਹਿੰਦੀ ਹੋਈ ਆਪਣੀ ਕਾਵਿ ਚੇਤਨਾ ਰਾਹੀਂ ਵੱਖ-ਵੱਖ ਧਰਾਤਲਾਂ ਦੀ ਕਨਸੋਅ ਲੈਂਦੀ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਆਪਣੀ ਸਮੱਸਿਆ ਸਮਝਕੇ ਆਪਣੀ ਕਾਵਿ ਸੰਵੇਦਨਾ ਦਾ ਹਿੱਸਾ ਬਣਾਉਂਦੀ ਹੈ। ਇੱਕ ਪਾਸੇ ਕਾਵਿ ਪਾਤਰ ਮਲਟੀਨੈਸ਼ਨਲ ਕੰਪਨੀਆਂ ਦੁਬਾਰਾ

ਮਨੁੱਖੀ ਭਾਵਨਾਵਾਂ ਦੀ ਹੋ ਰਹੀ ਅੰਨ੍ਹੀ ਲੁੱਟ ਦੀ ਤਸਵੀਰਕਸ਼ੀ ਕਰਦੀ ਹੈ ਅਤੇ ਦੂਜੇ ਪਾਸੇ ਉਹ 'ਮਲਿਕਾ', 'ਰਾਖੀ ਸਾਵੰਤ' ਅਤੇ 'ਸ਼ਿਰਪਾ ਕੈਂਡੀ' ਵਰਗੀਆਂ ਰੋਲ ਮਾਡਲਾਂ ਦੀ ਜੀਵਨ ਸ਼ੈਲੀ ਉੱਤੇ ਪ੍ਰਸ਼ਨਚਿੰਨ੍ਹ ਵੀ ਲਗਾਉਂਦੀ ਹੈ ਜੋ ਸਰਮਾਏਦਾਰਾਂ ਦੀ ਦਿੱਤੀ ਦੌਲਤ ਅਤੇ ਸ਼ੋਹਰਤ ਦੀ ਨ੍ਹੇਰ ਗਰਦੀ ਵਿਚ ਆਪਣੀ ਹੋਂਦ ਤੋਂ ਉੱਕਾ ਹੀ ਅਣਜਾਣ ਹਨ। ਜ਼ਿਹਨ ਵਿਚ ਸਵਾਲ ਦਾ ਪੈਦਾ ਹੋਣਾ ਸੁਭਾਵਿਕ ਹੈ ਕਿ ਜੇਕਰ ਔਰਤ ਆਪਣੀ ਸੁਤੰਤਰ ਹੋਂਦ ਲਈ ਦੌਲਤ ਅਤੇ ਸ਼ੋਹਰਤ ਦਾ ਭਰਮ ਸਿਰਜਦੀ ਹੈ ਤਾਂ ਇਹ ਵੀ ਉਸਦੀ ਬਹੁਤ ਵੱਡੀ ਨਾਸਮਝੀ ਹੈ? ਅਗਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਫਿਰ ਔਰਤ ਆਪਣੀ ਸਥਿਰ ਹੋਂਦ ਲਈ ਕੀ ਕਰੇ? ਇਸਦਾ ਜਵਾਬ ਇਹੀ ਹੈ ਕਿ ਔਰਤ ਨੂੰ ਆਪਣੇ ਹੱਕਾਂ ਦੀ ਪੈਰਵੀ ਕਰਨ ਲਈ ਸਜੱਗ ਹੋਣਾ ਪਵੇਗਾ। ਇਹ ਸਭ ਕੁੱਝ ਤਾਂਹੀ ਸੰਭਵ ਹੋਵੇਗਾ ਜੇਕਰ ਉਹ ਬੌਧਿਕ ਤੌਰ 'ਤੇ ਸਮਰੱਥ ਹੋਵੇਗੀ। ਇਹ ਬੌਧਿਕ ਸਮਰੱਥਾ ਹੀ ਉਸਨੂੰ ਅਸਲੀ ਪਛਾਣ ਵੱਲ ਅਗਰਸਰ ਕਰੇਗੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਡਾ. ਅਮਰ ਜਿਉਤੀ ਦੀ ਕਾਵਿ ਪੁਸਤਕ 'ਵਕਤ, ਮੌਸਮ ਅਤੇ ਨਜ਼ਮ' ਅਜਿਹੀ ਪੁਸਤਕ ਹੈ ਜਿਹੜੀ ਵਿਸ਼ਵੀਕਰਨ ਵਰਤਾਰੇ ਵਿਚ ਪਰਵਾਸੀ ਅਤੇ ਆਵਾਸੀ ਮਨੁੱਖ ਦੀਆਂ ਬਦਲ ਰਹੀਆਂ ਸੰਵੇਦਨਾਵਾਂ, ਕਾਮੁਕ ਪ੍ਰਵਿਰਤੀਆਂ ਵਿਚ ਉਲਝੀ ਮਾਨਸਿਕਤਾ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਫੈਲੇ ਆਤੰਕਵਾਦ ਦੇ ਤਸੀਹੇ ਸਹਿੰਦੇ ਮਜ਼ਲੂਮ ਲੋਕਾਂ ਦੀ ਹੋਣੀ ਦਾ ਬਿੰਬ ਉਘਾੜਦੀ ਹੈ।

ਗੁਰਪ੍ਰੀਤ ਸਿੰਘ, ਰਿਸਰਚ ਫੈਲੋ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਹਵਾਲੇ ਅਤੇ ਟਿੱਪਣੀਆਂ:-

1. ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਪੰਨਾ 59.

2. ਅਮਰ ਜਿਉਤੀ, (ਡਾ.), ਵਕਤ ਮੌਸਮ ਅਤੇ ਨਜ਼ਮ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 15.

3. ਉਹੀ, ਪੰਨਾ 21.

4. ਉਹੀ, ਪੰਨਾ 24.

5. ਉਹੀ, ਪੰਨਾ 28.

6. ਉਹੀ, ਪੰਨਾ 51.

7. ਉਹੀ, ਪੰਨਾ 55.

8. ਉਹੀ, ਪੰਨਾ 103.

9. ਉਹੀ, ਪੰਨਾ 164.

10. ਉਹੀ, ਪੰਨਾ 170.